# ਘਰਾਂ ਵਿਚ ਕੰਮ ਕਰਨ ਵਾਲੇ ਵਰਕਰ ਅਤੇ ਕਾਨੂੰਨ

## (Domestic Workers)

ਤੁਸੀਂ ਘਰਾਂ ਵਿਚ ਕੰਮ ਕਰਨ ਵਾਲੇ (ਡੋਮੈਸਟਿਕ) ਵਰਕਰ ਹੋ ਜੇ ਤੁਸੀਂ:

- ਕਿਸੇ ਕੰਮ-ਮਾਲਕ (ਇਮਪਲੌਏਅਰ) ਦੀ ਨਿੱਜੀ ਰਿਹਾਇਸ਼ ਵਿਚ ਖਾਣੇ ਬਣਾਉਣ, ਸਫਾਈ ਕਰਨ, ਬੱਚਿਆਂ ਦੀ ਸੰਭਾਲ ਜਾਂ ਹੋਰ ਸੇਵਾਵਾਂ ਪ੍ਰਦਾਨ ਕਰਨ ਲਈ ਕੰਮ ਕਰਦੇ ਹੋ।
- ਕੰਮ-ਮਾਲਕ ਦੀ ਨਿੱਜੀ ਰਿਹਾਇਸ਼ ਵਿਚ ਰਹਿੰਦੇ ਹੋ।

ਘਰ ਵਿਚ ਕੰਮ ਕਰਨ ਵਾਲੇ ਵਰਕਰ ਵਜੋਂ ਤੁਸੀਂ ਇਮਪਲੌਏਮੈਂਟ ਸਟੈਂਡਰਡਜ਼ ਐਕਟ ਅਧੀਨ ਕਵਰ ਹੋ, ਜੋ ਤੁਹਾਨੂੰ ਓਵਰਟਾਈਮ ਦੀ ਤਨਖਾਹ, ਕਾਨੂੰਨੀ ਛੁੱਟੀਆਂ ਅਤੇ ਛੁੱਟੀ ਦੀ ਤਨਖਾਹ, ਸਲਾਨਾ ਛੁੱਟੀਆਂ ਅਤੇ ਛੁੱਟੀਆਂ ਦੀ ਤਨਖਾਹ ਅਤੇ ਬੀ.ਸੀ. ਦੀ ਘੱਟੋ ਘੱਟ ਤਨਖਾਹ ਲੈਣ ਦੇ ਹੱਕਦਾਰ ਬਣਾਉਂਦਾ ਹੈ।

ਤੁਹਾਡਾ ਕੰਮ-ਮਾਲਕ ਤੁਹਾਨੂੰ ਓਵਰਟਾਈਮ ਦੀ ਤਨਖਾਹ ਦੇਣ ਤੋਂ ਨਾਂਹ ਨਹੀਂ ਕਰ ਸਕਦਾ ਜਾਂ ਛੁੱਟੀਆਂ ਕਰਨ ਜਾਂ ਛੁੱਟੀਆਂ ਲੈਣ ਤੋਂ ਨਾਂਹ ਨਹੀਂ ਕਰ ਸਕਦਾ।

ਯੋਗ ਹੋਣ ਲਈ, ਤੁਹਾਡੇ ਕੋਲ ਤੁਹਾਡੇ ਅਤੇ ਤੁਹਾਡੇ ਕੰਮ-ਮਾਲਕ ਵਿਚਕਾਰ ਹੋਇਆ ਲਿਖਤੀ ਐਗਰੀਮੈਂਟ ਹੋਣਾ ਜ਼ਰੂਰੀ ਹੈ ਜਿਹੜਾ ਤੁਹਾਡੇ ਕੰਮਾਂ, ਕੰਮ ਦੇ ਘੰਟਿਆਂ, ਤਨਖਾਹਾਂ ਬਾਰੇ ਦੱਸਦਾ ਹੈ ਅਤੇ ਇਹ ਦੱਸਦਾ ਹੈ ਕਿ ਤੁਹਾਡੇ ਤੋਂ ਰਹਿਣ ਅਤੇ ਖਾਣ-ਪੀਣ ਦੇ ਕਿੰਨੇ ਪੈਸੇ ਲਏ ਜਾਣਗੇ. ਰਹਿਣ ਅਤੇ ਖਾਣ-ਪੀਣ ਦੇ ਵੱਧ ਤੋਂ ਵੱਧ ਮਹੀਨੇ ਦੇ 325 ਡਾਲਰ ਲਏ ਜਾ ਸਕਦੇ ਹਨ। ਤੁਹਾਡੇ ਕੰਮ-ਮਾਲਕ ਲਈ ਇਸ ਐਗਰੀਮੈਂਟ ਦੀ ਇਕ ਕਾਪੀ ਤੁਹਾਨੂੰ ਦੇਣਾ ਜ਼ਰੂਰੀ ਹੈ।

ਉਦਾਹਰਣ ਲਈ, ਤੁਹਾਡਾ ਕੰਮ-ਮਾਲਕ ਤੁਹਾਨੂੰ ਹਰ ਮਹੀਨੇ 1500 ਡਾਲਰ ਦੇਣ ਅਤੇ 325 ਡਾਲਰ ਰਹਿਣ ਅਤੇ ਖਾਣ-ਪੀਣ ਦੇ ਕੱਟਣ ਲਈ ਸਹਿਮਤ ਹੋ ਸਕਦਾ ਹੈ। ਇਸ ਦਾ ਮਤਲਬ ਹੈ ਕਿ ਤੁਸੀਂ ਮਹੀਨੇ ਦੇ 1175 ਡਾਲਰ ਬਣਾਉਂਦੇ ਹੋ। ਜੇ ਤੁਹਾਡਾ ਕੰਮ-ਮਾਲਕ ਕਹਿੰਦਾ ਹੈ ਕਿ ਤੁਹਾਨੂੰ ਰਹਿਣ ਅਤੇ ਖਾਣ-ਪੀਣ ਲਈ ਮਹੀਨੇ ਦੇ 325 ਡਾਲਰ ਨਾਲੋਂ ਜ਼ਿਆਦਾ ਪੈਸੇ ਦੇਣੇ ਪੈਣਗੇ ਤਾਂ ਸ਼ਿਕਾਇਤ ਕਰਨ ਲਈ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਨਾਲ ਸੰਪਰਕ ਕਰੋ।

ਜੇ ਤੁਸੀਂ ਐਗਰੀਮੈਂਟ ਵਿਚ ਦੱਸੇ ਗਏ ਘੰਟਿਆਂ ਨਾਲੋਂ ਜ਼ਿਆਦਾ ਘੰਟੇ ਕੰਮ ਕਰਦੇ ਹੋ ਤਾਂ ਇਨ੍ਹਾਂ ਵਾਧੂ ਘੰਟਿਆਂ ਲਈ ਤੁਹਾਨੂੰ ਵਾਧੂ ਪੈਸੇ ਮਿਲਣੇ ਜ਼ਰੂਰੀ ਹਨ. ਜੇ ਜ਼ਿਆਦਾ ਘੰਟੇ ਕੰਮ ਕਰਨ ਦਾ ਮਤਲਬ ਇਹ ਹੈ ਕਿ ਤੁਸੀਂ ਇਕ ਦਿਨ ਵਿਚ ਅੱਠ ਘੰਟਿਆਂ ਨਾਲੋਂ ਜ਼ਿਆਦਾ ਜਾਂ ਇਕ ਹਫਤੇ ਵਿਚ 40 ਘੰਟਿਆਂ ਨਾਲੋਂ ਜ਼ਿਆਦਾ ਸਮਾਂ ਕੰਮ ਕਰਦੇ ਹੋ ਤਾਂ ਵਾਧੂ ਤਨਖਾਹ ਓਵਰਟਾਈਮ ਦੇ ਰੇਟਾਂ 'ਤੇ ਦਿੱਤੀ ਜਾਣੀ ਜ਼ਰੂਰੀ ਹੈ।

ਉਦਾਹਰਣ ਲਈ, ਜੇ ਕੰਮ ਦਾ ਤੁਹਾਡਾ ਐਗਰੀਮੈਂਟ ਇਹ ਕਹਿੰਦਾ ਹੈ ਕਿ ਤੁਹਾਡੇ ਲਈ ਹਫਤੇ ਵਿਚ 30 ਘੰਟੇ ਕੰਮ ਕਰਨਾ ਜ਼ਰੂਰੀ ਹੈ ਅਤੇ ਤੁਹਾਨੂੰ ਪ੍ਰਤੀ ਘੰਟਾ 10 ਡਾਲਰ ਦਿੱਤੇ ਜਾਣਗੇ ਅਤੇ ਤੁਹਾਨੂੰ 37 ਘੰਟੇ ਕੰਮ ਕਰਨਾ ਪੈਂਦਾ ਹੈ ਤਾਂ ਤੁਹਾਨੂੰ ਉਸ ਹਫਤੇ ਲਈ 300 ਡਾਲਰ ਦੀ ਬਜਾਏ 370 ਡਾਲਰ ਦਿੱਤੇ ਜਾਣੇ ਜ਼ਰੂਰੀ ਹਨ।

ਜੇ ਉਸ ਹਫਤੇ ਤੁਹਾਨੂੰ 45 ਘੰਟੇ ਕੰਮ ਕਰਨਾ ਪੈਂਦਾ ਹੈ ਤਾਂ ਪਹਿਲੇ 40 ਘੰਟਿਆਂ ਲਈ ਤੁਹਾਨੂੰ 400 ਡਾਲਰ ਮਿਲਣਗੇ ਅਤੇ ਇਸ ਤੋਂ ਇਲਾਵਾ 75 ਡਾਲਰ ਉਨ੍ਹਾਂ 5 ਘੰਟਿਆਂ ਲਈ ਮਿਲਣਗੇ ਜਿਹੜੇ ਤੁਸੀਂ ਹਫਤੇ ਦੇ 40 ਘੰਟਿਆਂ ਤੋਂ ਉੱਪਰ ਲਾਏ ਹਨ। 40 ਘੰਟਿਆਂ ਦੇ ਕੰਮ ਤੋਂ ਬਾਅਦ ਦੇ ਹਰ ਘੰਟੇ ਲਈ ਤੁਹਾਨੂੰ ਡੇਢ ਪੈਸੇ ਮਿਲਦੇ ਹਨ (ਇਸ ਉਦਾਹਰਣ ਵਿਚ, ਘੰਟੇ ਦੇ 15 ਡਾਲਰ)।

ਤੁਹਾਡੇ ਵਲੋਂ ਆਪਣੀ ਜੌਬ ਸ਼ੁਰੂ ਕਰਨ ਤੋਂ ਬਾਅਦ 30 ਦਿਨਾਂ ਦੇ ਵਿਚ ਵਿਚ, ਤੁਹਾਡੇ ਕੰਮ-ਮਾਲਕ ਲਈ ਤੁਹਾਡਾ ਨਾਂ, ਐਡਰੈਸ ਅਤੇ ਟੈਲੀਫੋਨ ਨੰਬਰ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਨੂੰ ਦੱਸੇ ਜਾਣੇ ਜ਼ਰੂਰੀ ਹਨ। ਤੁਹਾਡੇ ਕੰਮ-ਮਾਲਕ ਲਈ, ਹਰ ਛੇ ਮਹੀਨਿਆਂ ਵਿਚ ਤੁਹਾਡੀ ਜਾਣਕਾਰੀ ਵਿਚ ਆਈ ਕਿਸੇ ਵੀ ਤਬਦੀਲੀ ਬਾਰੇ ਬਰਾਂਚ ਨੂੰ ਦੱਸਣਾ ਜ਼ਰੂਰੀ ਹੈ।

ਇਹ ਆਰਟੀਕਲ, ਬੀ.ਸੀ. ਵਿਚ ਕੰਮ ਕਰਨ ਬਾਰੇ ਕੁਝ ਕਾਨੂੰਨਾਂ ਦੀ ਸੰਖੇਪ ਜਾਣ ਪਛਾਣ ਹੈ, ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲੈਣ ਲਈ ਅੱਗੇ ਲਿਖੇ ਵੈੱਬਸਾਈਟ 'ਤੇ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਦੇ ਵੈੱਬਸਾਈਟ 'ਤੇ ਜਾਉ:

www.labour.gov.bc.ca/esb/

Immigrant PLEI Consortium

This project is made possible through funding from the
Government of Canada
and the Province of British columbia